# ਸਮੇਂ ਨੂੰ ਜਾਣਨਾ ਭਾਗ II

ਫ੍ਰੈਂਕਲਿਨ ਦੇ ਨੋਟਸ

ਰੋਮੀਆਂ 13:11-14 ਅਤੇ ਤੁਸੀਂ **ਸਮਾ ਜਾਣਦੇ ਹੋ** ਜੋ ਹੁਣ ਨੀਂਦਰ ਤੋਂ ਤੁਹਾਡੇ **ਜਾਗਣ** ਦਾ ਵੇਲਾ ਆ ਪੁੱਜਿਆ ਹੈ ਕਿਉਂ ਜੋ **ਜਿਸ ਵੇਲੇ ਅਸਾਂ ਨਿਹਚਾ ਕੀਤੀ ਓਸ ਵੇਲੇ ਨਾਲੋਂ ਸਾਡੀ ਮੁਕਤੀ ਹੁਣ ਨੇੜੇ ਹੈ** . . . **1** ਇਸ ਲਈ **ਅਨ੍ਹੇਰੇ ਦੇ ਕੰਮ** (1) **ਛੱਡ ਦੇਈਏ** ਅਤੇ **2** **ਚਾਨਣ ਦੀ ਸੰਜੋ ਪਹਿਨ ਲਈਏ** . . . **ਪ੍ਰਭੁ ਯਿਸੂ ਮਸੀਹ ਨੂੰ ਪਹਿਨ ਲਓ** **ਅਤੇ 3** **ਸਰੀਰ ਦੇ ਵਿਸ਼ਿਆਂ ਲਈ ਕੋਈ ਤਰੱਦਦ ਨਾ ਕਰੋ।**

ਅੱਜ ਸੰਸਾਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਉਸ ਦੇ ਰਾਹੀਂ ਅਸੀਂ ਇੱਕ **ਨਵੇਂ ਦੌਰ** ਵਿੱਚ ਪ੍ਰਵੇਸ਼ ਕਰ ਰਹੇ ਹਾਂ ਅਤੇ **ਇਸ ਦੇ ਦੁਆਰਾ ਅੰਤ ਸਮੇਂ** ਦੀਆਂ ਭਵਿੱਖਬਾਣੀਆਂ ਦੀ **ਪੂਰਤੀ ਦੇ ਦਰਵਾਜ਼ੇ ਖੁੱਲ੍ਹ ਰਹੇ ਹਨ।** ਮੈਂ ਮੰਨਦਾ ਹਾਂ ਕਿ ਇਹ ਇਸ ਵਿਸ਼ੇ ਬਾਰੇ ਮੇਰੇ ਆਪਣੇ ਵਿਚਾਰ ਹਨ। ਮੈਂ ਕੋਈ ਨਬੀ ਨਹੀਂ ਹਾਂ, ਮੈਂ ਤਾਂ ਬਸ ਵਚਨ ਦੀਆਂ ਲਿਖਤਾਂ ਨੂੰ ਪੜ੍ਹ ਰਿਹਾ ਅਤੇ ਵਿਚਾਰ ਕਰ ਰਿਹਾ ਹਾਂ।

ਰੋਮੀਆਂ 15:4 ਕਿਉਂਕਿ **ਜੋ ਕੁਝ** ਅੱਗੇ ਲਿਖਿਆ ਗਿਆ ਸੋ **ਸਾਡੀ ਸਿੱਖਿਆ** ਦੇ ਲਈ ਲਿਖਿਆ ਗਿਆ ਭਈ ਅਸੀਂ **ਧੀਰਜ** ਤੋਂ (1) ਅਤੇ ਧਰਮ ਪੁਸਤਕ ਦੇ **ਦਿਲਾਸੇ** ਤੋਂ **ਆਸਾ ਰੱਖੀਏ।**

ਪਰਕਾਸ਼ ਦੀ ਪੋਥੀ 2:8-11 "ਸਮੁਰਨੇ ਦੀ ਕਲੀਸਿਯਾ ਦੇ ਦੂਤ ਨੂੰ ਇਉਂ ਲਿਖ ਭਈ ਜਿਹੜਾ ਪਹਿਲਾ ਅਤੇ ਪਿਛਲਾ ਹੈ, ਜਿਹੜਾ ਮੁਰਦਾ ਹੋਇਆ ਅਤੇ ਫੇਰ ਜੀ ਪਿਆ, ਉਹ ਇਹ ਆਖਦਾ ਹੈ। 9 "ਮੈਂ ਤੇਰੀ **ਬਿਪਤਾ** ਅਤੇ **ਗਰੀਬੀ ਨੂੰ** ਜਾਣਦਾ ਹਾਂ **ਭਾਵੇਂ** **ਤੂੰ ਧੰਨਵਾਨ ਹੈਂ** (ਪਰਮੇਸ਼ੁਰ ਸਾਡੇ ਪਿਤਾ ਦੇ ਵਾਰਸ ਅਤੇ ਯਿਸੂ ਦੇ ਨਾਲ ਸੰਗੀ ਵਾਰਸ। ਰੋਮੀਆਂ 8:17) ਅਤੇ ਓਹਨਾਂ ਦੇ **ਕੁਫ਼ਰ** ਨੂੰ ਵੀ ਜਿਹੜੇ ਆਪਣੇ ਆਪ ਨੂੰ ਯਹੂਦੀ ਦੱਸਦੇ ਹਨ ਪਰ ਨਹੀਂ ਹਨ (ਵਿਸ਼ਵਾਸੀ ਨਹੀਂ ਹਨ) **ਸਗੋਂ ਸ਼ਤਾਨ ਦੀ ਮੰਡਲੀ** (ਉਸ ਦੇ ਬੀਜ ਤੋਂ) ਹਨ। 10 **ਜਿਹੜੇ ਦੁਖ ਤੈਂ ਭੋਗਣੇ ਹਨ ਤੂੰ ਓਹਨਾਂ ਤੋਂ ਨਾ ਡਰੀਂ।** ਵੇਖੋ, ਸ਼ਤਾਨ **ਤੁਹਾਡੇ ਵਿੱਚੋਂ ਕਈਆਂ ਨੂੰ ਕੈਦ ਵਿੱਚ ਪਾ ਸੁੱਟੇਗਾ** ਭਈ **ਤੁਸੀਂ ਪਰਤਾਏ ਜਾਓ** ਅਤੇ **ਤੁਹਾਨੂੰ** ਦਸਾਂ ਦਿਨਾਂ ਤੀਕ **ਬਿਪਤਾ ਹੋਵੇਗੀ।** **ਤੂੰ ਮਰਨ ਤੋੜੀ ਵਫ਼ਾਦਾਰ ਰਹੁ** ਤਾਂ **ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ।** ਜਿਹਦੇ ਕੰਨ ਹਨ **ਸੋ ਸੁਣੇ** ਭਈ ਆਤਮਾ ਕਲੀਸਿਯਾਂ ਨੂੰ ਕੀ ਆਖਦਾ ਹੈ।

- ਯਾਕੂਬ 1:2-4 **ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ ਪਰਤਾਵਿਆਂ ਵਿੱਚ ਪਵੋ ਤਾਂ ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ।** 3ਕਿਉਂ ਜੋ ਤੁਸੀਂ ਜਾਣਦੇ ਹੋ ਭਈ **ਤੁਹਾਡੀ ਨਿਹਚਾ ਦੀ ਪਰੀਖਿਆ ਧੀਰਜ** (2) ਬਣਾਉਂਦੀ ਹੈ। 4ਅਤੇ **ਧੀਰਜ** ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ **ਭਈ** ਤੁਸੀਂ **ਸਿੱਧ** (ਮਾਨਸਿਕ ਅਤੇ ਨੈਤਿਕ ਚਰਿੱਤਰ) ਅਤੇ **ਸੰਪੂਰਨ** ਹੋਵੋ ਅਤੇ ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ। ਰੋਮੀਆਂ 8:28

❖ ਤੂੰ **ਮਰਨ** ਤੋੜੀ ਵਫ਼ਾਦਾਰ ਰਹੁ ਤਾਂ ਮੈਂ ਤੈਨੂੰ **ਜੀਵਨ** ਦਾ ਮੁਕਟ ਦਿਆਂਗਾ। ਦੇਹ ਮਰ ਜਾਂਦੀ ਹੈ ਪਰ ਅਸੀਂ ਜੀਉਂਦੇ ਰਹਿੰਦੇ ਹਾਂ, ਸਾਡੀ ਆਤਮਾ ਜੀਉਂਦੀ ਰਹਿੰਦੀ ਹੈ

ਪਰਕਾਸ਼ ਦੀ ਪੋਥੀ 3:7-13 ਫ਼ਿਲਦਲਫ਼ੀਏ ਦੀ ਕਲੀਸਿਯਾ ਦੇ ਦੂਤ ਨੂੰ ਇਉਂ ਲਿਖ ਭਈ ਉਹ ਜਿਹੜਾ ਪਵਿੱਤਰ ਹੈ, ਜਿਹੜਾ ਸਤ ਹੈ, ਜਿਹ ਦੇ **ਕੋਲ ਦਾਊਦ ਦੀ ਕੁੰਜੀ** ਹੈ (ਯਸਾਯਾਹ 9:6-7 ਉਸ ਦੀ ਸਾਰੀ ਪਾਤਸ਼ਾਹੀ ਅਤੇ ਸ੍ਰਿਸ਼ਟੀ ਉੱਤੇ ਰਾਜੇ ਦੇ ਤੌਰ ਤੇ ਰਾਜ ਕਰਨ ਦੇ ਆਖਰੀ ਅਧਿਕਾਰ ਦੀ ਕੁੰਜੀ) **ਜਿਹੜਾ ਖੋਲ੍ਹਦਾ ਹੈ** (ਅੰਦਰ ਆਉਣ ਦੀ ਅਨੁਮਤੀ ਦੇਣ ਲਈ) ਅਤੇ ਕੋਈ ਬੰਦ ਨਹੀਂ ਕਰਦਾ, ਅਤੇ **ਬੰਦ ਕਰਦਾ** ਹੈ (ਬਾਹਰ ਰੱਖਦਾ ਹੈ) ਅਤੇ ਕੋਈ ਨਹੀ ਖੋਲ੍ਹਦਾ, **ਉਹ ਇਹ ਆਖਦਾ ਹੈ**, 8 **ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ** (2) (ਜੋ ਤੂੰ ਕੀਤਾ ਹੈ। ਇਸ ਲਈ:) ਵੇਖ, **ਮੈਂ ਤੇਰੇ ਸਾਹਮਣੇ ਇੱਕ ਖੁਲ੍ਹਾ ਹੋਇਆ ਬੂਹਾ** ਜਿਹੜਾ **ਕਿਸੇ ਤੋਂ ਬੰਦ** ਨਹੀਂ ਹੁੰਦਾ ਧਰਿਆ ਹੈ। ਮੁਕਤੀ ਅਤੇ ਬਰਕਤਾਂ ਦਾ ਸਦੀਪਕ ਦਰਵਾਜ਼ਾ

- **ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ** ਅਰਥਾਤ: ਉਸ ਦੇ ਵਚਨ ਦੀ **ਆਗਿਆਕਾਰੀ** ਵਾਲਾ ਜੀਵਨ ਜੀਉਣਾ ਸਾਡੇ ਸਾਹਮਣੇ ਪਏ ਦਰਵਾਜ਼ਿਆਂ ਨੂੰ ਖੋਲ੍ਹਣ ਅਤੇ ਸਾਨੂੰ ਦਇਆ ਪ੍ਰਦਾਨ ਕਰਨ ਦੀ ਸਭ ਤੋਂ ਮਹੱਤਵਪੂਰਣ ਕੁੰਜੀ ਹੈ।

  **ਜੋ** ਥੋੜੇ ਤੋਂ ਥੋੜੇ ਵਿੱਚ **ਦਿਆਨਤਦਾਰ ਹੈ** ਉਹ ਬਹੁਤੇ ਵਿੱਚ ਵੀ ਦਿਆਨਤਦਾਰ ਹੈ। **ਅਰ ਜੇ ਤੁਸੀਂ . . . ਦਿਆਨਤਦਾਰ ਨਾ ਹੋਏ** ਲੂਕਾ 16:12 ਤਾਂ ਹੋ ਸਕਦਾ ਹੈ ਕਿ ਕੁਝ ਦਰਵਾਜ਼ੇ ਨਾ ਖੁੱਲ੍ਹਣ। ਜੇ ਅਸੀਂ ਹਨੇਰੇ ਦੇ **ਕੰਮ** ਅਤੇ ਸਰੀਰ ਦੇ ਵਿਸ਼ਿਆਂ ਲਈ ਤਰੱਦਦ ਕਰਨਾ ਨਹੀਂ ਛੱਡਦੇ। ਰੋਮੀਆਂ 13:12

- ਰਸੂਲਾਂ ਦੇ ਕਰਤੱਬ 14:27 ਜਾਂ ਪਹੁੰਚੇ ਤਾਂ ਕਲੀਸਿਯਾ ਨੂੰ ਇਕੱਠੀ ਕਰ ਕੇ ਖਬਰ ਦਿੱਤੀ **ਜੋ ਪਰਮੇਸ਼ੁਰ ਨੇ** ਸਾਡੇ ਨਾਲ **ਕੀ ਕੀਤਾ** ਅਤੇ ਇਹ ਕਿ **ਉਸ ਨੇ ਪਰਾਈਆਂ ਕੌਮਾਂ** ਦੇ ਲਈ **ਨਿਹਚਾ ਦਾ ਦਰਵੱਜਾ ਖੋਲ੍ਹਿਆ**।

- ਹਾਲਾਂਕਿ ਉਹ ਦੁਸ਼ਟ ਅਤੇ ਉਸ ਦੇ ਅਨੁਯਾਈ ਸ੍ਰਿਸ਼ਟੀ ਦੇ ਆਰੰਭ ਤੋਂ ਹੀ **ਨਿਹਚਾ ਦੇ ਖੁੱਲ੍ਹੇ ਹੋਏ ਦਰਵਾਜ਼ੇ** ਨੂੰ ਜਿਹੜਾ **ਪਰਮੇਸ਼ੁਰ ਦੇ ਰਾਜ ਵਿੱਚ ਖੁੱਲ੍ਹਦਾ ਹੈ ਅਤੇ ਉਸ ਹਰੇਕ ਦਰਵਾਜ਼ੇ ਨੂੰ ਜੋ ਪ੍ਰਭੂ ਸਾਡੇ ਲਈ ਖੋਲ੍ਹਦਾ ਹੈ**, ਬੰਦ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰਦੇ ਆਏ ਹਨ।

- ਰੋਮੀਆਂ 1:5-6 ਜਿਹ ਦੇ (ਯਿਸੂ) ਰਾਹੀਂ **ਅਸਾਂ ਕਿਰਪਾ** ਅਤੇ **ਰਸੂਲ ਦੀ ਪਦਵੀ ਪਾਈ** (ਉਹ ਜੋ ਭੇਜਿਆ ਹੋਇਆ ਹੈ। ਕਿਸ ਉਦੇਸ਼ ਲਈ) **ਭਈ ਉਹ ਦੇ ਨਾਮ ਦੀ ਖ਼ਾਤਰ ਸਭਨਾਂ ਕੌਮਾਂ** ਵਿੱਚ **ਨਿਹਚਾ ਦੀ ਆਗਿਆਕਾਰੀ ਹੋ ਜਾਏ** (ਇਹੋ ਸਾਡੀ ਸੇਵਕਾਈ ਹੈ) ਜਿਨ੍ਹਾਂ ਵਿੱਚ **ਤੁਸੀਂ ਵੀ ਰਲ ਕੇ ਯਿਸੂ ਮਸੀਹ ਦੇ ਸੱਦੇ ਹੋਏ ਹੋ।**

- 1 ਪਤਰਸ 2:12 ਅਤੇ **ਪਰਾਈਆਂ ਕੌਮਾਂ ਵਿੱਚ ਆਪਣੀ ਨੇਕ ਚਾਲ ਰੱਖੋ** ਭਈ ਜਿਸ ਗੱਲ ਵਿੱਚ ਓਹ ਤੁਹਾਨੂੰ ਬੁਰਿਆਰ ਜਾਣ ਕੇ ਤੁਹਾਡੇ ਵਿਰੁੱਧ ਬੋਲਦੇ ਹਨ **ਓਹ ਤੁਹਾਡੇ ਸ਼ੁਭ ਕਰਮਾਂ ਦੇ ਕਾਰਨ** (3) ਜਿਹੜੇ ਵੇਖਦੇ ਹਨ ਓਸ ਦਿਨ ਜਦ ਉਨ੍ਹਾਂ ਉੱਤੇ ਦਯਾ ਦਰਿਸ਼ਟੀ ਹੋਵੇ **ਪਰਮੇਸ਼ੁਰ ਦੀ ਵਡਿਆਈ ਕਰਨ।**

1 ਕੁਰਿੰਥੀਆਂ 10:31 **ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ।**

ਇਹੋ ਸਾਡਾ **ਸਭ ਤੋਂ ਮਹੱਤਵਪੂਰਣ ਕੰਮ** ਹੈ, **ਸਾਡੇ ਕੰਮ** - > **ਜੋ ਅਸੀਂ ਕੀਤੇ ਹਨ।** ਮੱਤੀ 7:24-27 ਸੋ ਹਰੇਕ ਜੋ (1) ਮੇਰੇ ਏਹ **ਬਚਨ ਸੁਣਦਾ** ਅਤੇ (2) ਉਨ੍ਹਾਂ ਉੱਤੇ **ਚੱਲਦਾ** ਹੈ ਉਹ ਉਸ **ਬੁੱਧਵਾਨ** ਵਰਗਾ ਜਾਣਿਆ ਜਾਵੇਗਾ ਜਿਹ ਨੇ **ਪੱਥਰ ਉੱਤੇ ਆਪਣਾ ਘਰ ਬਣਾਇਆ।** 25 ਅਤੇ **ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਪਰ ਉਹ ਨਾ ਡਿੱਗਿਆ ਕਿਉਂਕਿ ਉਹ ਦੀ ਨਿਉਂ ਪੱਥਰ ਉੱਤੇ ਧਰੀ ਹੋਈ ਸੀ।** 26ਅਤੇ ਹਰੇਕ ਜੋ (1) ਮੇਰੇ ਏਹ **ਬਚਨ ਸੁਣਦਾ** ਅਤੇ (2) **ਉਨ੍ਹਾਂ ਉੱਤੇ ਨਹੀਂ ਚੱਲਦਾ** ਉਹ ਉਸ **ਮੂਰਖ** ਵਰਗਾ ਠਹਿਰਾਇਆ ਜਾਵੇਗਾ ਜਿਹ ਨੇ ਆਪਣਾ ਘਰ **ਰੇਤ ਉੱਤੇ** ਬਣਾਇਆ। 27**ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਅਤੇ ਉਹ ਢਹਿ ਪਿਆ ਅਤੇ ਉਹ ਦਾ ਵੱਡਾ ਨਾਸ ਹੋਇਆ।**

- **ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ** – ਇਸ ਨੂੰ ਸਮਝਣ ਲਈ ਇੱਕ ਹੋਰ ਦ੍ਰਿਸ਼ਟਾਂਤ

ਲੂਕਾ 19:11-28 ਉਸ ਨੇ ਹੋਰ ਇੱਕ ਦ੍ਰਿਸ਼ਟਾਂਤ ਦਿੱਤਾ ਇਸ ਲਈ ਜੋ ਉਹ . . . ਸਮਝੇ ਭਈ ਪਰਮੇਸ਼ੁਰ ਦਾ ਰਾਜ ਹੁਣੇ ਪਰਗਟ ਹੋਣ ਵਾਲਾ ਹੈ। 12 ਸੋ ਉਸ ਨੇ ਆਖਿਆ: ਕਿ ਇੱਕ ਅਮੀਰ ਦੂਰ ਦੇਸ ਨੂੰ ਗਿਆ ਜੋ ਆਪਣੇ ਲਈ ਪਾਤਸ਼ਾਹੀ ਲੈ ਕੇ ਮੁੜ ਆਵੇ (ਯਿਸੂ ਜਦੋਂ ਆਪਣਾ ਕੰਮ ਪੂਰਾ ਕਰ ਹਟਿਆ, ਅਰਥਾਤ ਧਰਤੀ ਉੱਤੇ ਆਪਣੇ **ਕੰਮ**, ਤਾਂ ਉਸ ਨੂੰ ਵਾਪਸ ਬੁਲਾ ਲਿਆ ਗਿਆ ਅਤੇ ਰਾਜਾ ਥਾਪਿਆ ਗਿਆ) 13 ਅਤੇ ਉਸ ਨੇ ਆਪਣੇ ਦਸਾਂ ਨੌਕਰਾਂ ਨੂੰ ਸੱਦ ਕੇ ਉਨ੍ਹਾਂ ਨੂੰ ਦਸ **ਅਸ਼ਰਫ਼ੀਆਂ ਦਿੱਤੀਆਂ** ਅਤੇ ਉਨ੍ਹਾਂ ਨੂੰ ਕਿਹਾ, **ਜਦ ਤੀਕੁਰ ਮੈਂ ਨਾ ਆਵਾਂ ਤੁਸੀਂ ਬਣਜ ਬੁਪਾਰ ਕਰੋ।**

**ਉਨ੍ਹਾਂ ਨੂੰ . . . ਦੇ ਦਿੱਤੀਆਂ ਉਸ ਨੇ ਇਹ ਕੀਤਾ ਹੈ:**

- ਆਤਮਾ ਦੇ ਵਰਦਾਨਾਂ ਦੇ ਸੰਬੰਧ ਵਿੱਚ: ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਵੰਡ ਦਿੰਦਾ ਹੈ। 1 ਕੁਰਿੰਥੀਆਂ 12:11

- ਪਰ ਅਸਾਂ ਵਿੱਚੋਂ ਹਰੇਕ ਉੱਤੇ ਮਸੀਹ ਦੇ **ਦਾਨ** ਦੇ **ਅੰਦਾਜ਼ੇ** ਦੇ ਅਨੁਸਾਰ **ਕਿਰਪਾ ਕੀਤੀ ਗਈ।** ਅਫ਼ਸੀਆਂ 4:7-8
- ਅਤੇ ਪਰਮੇਸ਼ੁਰ **ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ** ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ **ਸਦਾ** ਸਭ ਕੁਝ ਤੁਹਾਡੇ ਕੋਲ ਹੋਵੇ ਕਿ **ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ** (4) 2 ਕੁਰਿੰਥੀਆਂ 9:8-9
- ਮੇਰੀ **ਕਿਰਪਾ ਹੀ ਤੇਰੇ ਲਈ ਬਥੇਰੀ ਹੈ** ਕਿਉਂ ਜੋ **ਮੇਰੀ ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ।** 2 ਕੁਰਿੰਥੀਆਂ 12:9
- ਉਸ ਦੇ **ਸ਼ੁਭ ਕਰਮਾਂ** ਨੂੰ ਪੂਰਾ ਕਰਨ ਵਾਸਤੇ ਉਸ ਦੀ ਕਿਰਪਾ, ਉਸ ਦੀ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਸਾਨੂੰ ਆਪਣੀਆਂ ਕਮਜ਼ੋਰੀਆਂ ਨੂੰ ਮੰਨਣਾ ਅਤੇ ਉਸ ਦੀ ਵੱਲ ਤੱਕਣਾ ਜ਼ਰੂਰੀ ਹੈ ਜਿਸ ਨਾਲ ਪਰਮੇਸ਼ੁਰ ਤੁਹਾਡੇ ਉੱਤੇ **ਸਾਰੀ ਕਿਰਪਾ ਬਹੁਤੀ** ਕਰ ਸੱਕਦਾ ਹੈ ਭਈ **ਹਰ ਪਰਕਾਰ ਨਾਲ ਸਦਾ** ਸਭ ਕੁਝ ਤੁਹਾਡੇ ਕੋਲ ਹੋਵੇ ਕਿ **ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ।**

## ਜਦ ਤੀਕੁਰ ਮੈਂ ਨਾ ਆਵਾਂ ਤੁਸੀਂ ਬਣਜ ਬੁਪਾਰ ਕਰੋ।

- ਇਸ ਦਾ ਅਰਥ ਹੈ, ਉਸ ਦੇ ਰਾਜ ਦਾ ਵਿਸਤਾਰ ਕਰਨਾ। ਇਸ ਸੰਸਾਰ ਵਿੱਚੋਂ ਉਸ ਦਾ ਧਨ ਇਕੱਠਾ ਕਰੋ (ਰਸੂਲਾਂ ਦੇ ਕਰਤੱਬ 1:2-8)। ਹਰੇਕ ਦਾਤ, ਹਰੇਕ ਦਾਨ ਅਤੇ ਉਸ ਵੱਲੋਂ ਤੁਹਾਨੂੰ ਦਿੱਤੀ ਗਈ ਹਰੇਕ ਯੋਗਤਾ ਨੂੰ ਪੂਰੇ ਯਤਨ ਨਾਲ ਇਸਤੇਮਾਲ ਕਰੋ, ਆਪਣੀ ਸ਼ਕਤੀ ਨਾਲ ਨਹੀਂ ਪਰ ਆਪਣੀਆਂ ਕਮਜ਼ੋਰੀਆਂ ਨੂੰ ਸਵੀਕਾਰ ਕਰਦੇ ਹੋਏ, ਉਸ ਦੀ ਕਿਰਪਾ ਮੰਗਦੇ ਹੋਏ।

ਰਾਜ ਦੇ ਲਈ ਕੀਤਾ ਜਾਣ ਵਾਲਾ ਇਹ ਕੰਮ ਸਾਡੇ ਲਈ ਹਰ ਦਿਨ ਕੀਤੇ ਜਾਣ ਵਾਲੇ ਕਿਸੇ ਵੀ ਕੰਮ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਣ ਹੈ। ਕਿਉਂਕਿ . . . .

15 ਜਦੋਂ **ਉਹ** ਰਾਜਾ ਬਣ ਕੇ **ਵਾਪਸ ਆਇਆ** (ਉਸ ਦੀ ਦੂਜੀ ਆਮਦ) ਅਤੇ ਉਸ ਨੇ ਆਪਣੇ **ਸੇਵਕਾਂ ਨੂੰ ਬੁਲਾਇਆ** (ਉਠਾਏ ਜਾਣਾ) ਜਿਨ੍ਹਾਂ ਨੂੰ ਉਸ ਨੇ ਪੈਸਾ ਦਿੱਤਾ ਸੀ। ਉਹ ਜਾਣਨਾ ਚਾਹੁੰਦਾ ਸੀ ਕਿ ਉਨ੍ਹਾਂ ਨੇ ਕਿੰਨਾ ਕਮਾਇਆ ਸੀ।

- ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ **ਹਰੇਕ ਜੋ ਕੁਝ ਉਸ ਨੇ** ਦੇਹੀ ਵਿੱਚ **ਕੀਤਾ** ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ **ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ।** 2 ਕੁਰਿੰਥੀਆਂ 5:10

ਮੱਤੀ 16:27 ਕਿਉਂ ਜੋ ਮਨੁੱਖ ਦਾ ਪੁੱਤ੍ਰ ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ **ਤੇਜ** ਨਾਲ **ਆਵੇਗਾ** ਅਤੇ ਉਸ ਸਮੇ ਉਹ ਹਰੇਕ ਨੂੰ ਉਹ ਦੀ **ਕਰਨੀ ਮੂਜਬ ਫਲ ਦੇਵੇਗਾ**।

ਦ੍ਰਿਸ਼ਟਾਂਤ ’ਤੇ ਵਾਪਸ ਚੱਲਦੇ ਹਾਂ:

16 ਤਦ ਪਹਿਲੇ ਆਣ ਕੇ ਕਿਹਾ, ਸੁਆਮੀ ਜੀ, **ਤੁਹਾਡੀ ਅਸ਼ਰਫੀ ਨੇ ਦਸ ਅਸ਼ਰਫੀਆਂ ਹੋਰ ਕਮਾਈਆਂ**। 17 ਤਾਂ ਉਨ ਉਸ ਨੂੰ ਆਖਿਆ, ਹੇ ਅੱਛੇ ਨੌਕਰ **ਸ਼ਾਬਾਸ਼!** ਇਸ ਲਈ ਜੋ **ਤੂੰ ਬਹੁਤ ਥੋੜ੍ਹੇ ਵਿੱਚ ਮਾਤਬਰ ਨਿੱਕਲਿਆ** ਤੂੰ **ਦਸਾਂ ਨਗਰਾਂ ਉੱਤੇ ਇਖ਼ਤਿਆਰ ਰੱਖ**। 18 ਅਤੇ ਦੂਏ ਨੇ ਆਣ ਕੇ ਕਿਹਾ, ਸੁਆਮੀ ਜੀ, ਤੁਹਾਡੀ ਅਸ਼ਰਫੀ ਨੇ **ਪੰਜ ਅਸ਼ਰਫੀਆਂ ਹੋਰ ਕਮਾਈਆਂ**। 19 . . . **ਤੂੰ ਵੀ ਪੰਜਾਂ ਨਗਰਾਂ ਉੱਤੇ ਹੋ**।

- ਪਰਕਾਸ਼ ਦੀ ਪੋਥੀ 5:10 ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ **ਓਹ ਧਰਤੀ ਉੱਤੇ ਰਾਜ ਕਰਨਗੇ**।

- ਪਰਕਾਸ਼ ਦੀ ਪੋਥੀ 20:6 ਓਹ ਪਰਮੇਸ਼ੁਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ **ਉਹ ਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ**।

20 ਤੀਸਰਾ ਨੌਕਰ ਕੇਵਲ **ਮੂਲ ਅਸ਼ਰਫੀਆਂ** ਵਾਪਸ ਲੈ ਕੇ ਆਇਆ ਅਤੇ ਕਿਹਾ, ਸੁਆਮੀ ਜੀ, ਮੈਂ ਤੁਹਾਡੇ ਪੈਸੇ ਨੂੰ ਲੁਕਾ ਛੱਡਿਆ ਅਤੇ ਇਸ ਨੂੰ ਸੁਰੱਖਿਅਤ ਰੱਖਿਆ। (ਕੁਝ ਨਾ ਕੀਤਾ) 21 ਇਸ ਲਈ ਜੋ **ਮੈਂ ਤੁਹਾਥੋਂ ਡਰਿਆ** (ਕੋਈ ਨਿਹਚਾ ਨਹੀਂ, ਕੇਵਲ ਡਰ) ਕਿਉਂ ਜੋ ਤੁਸੀਂ ਕਰੜੇ ਆਦਮੀ ਹੋ। ਜੋ ਤੁਸਾਂ ਨਹੀਂ ਧਰਿਆ ਸੋ ਚੁੱਕਦੇ ਅਤੇ ਜੋ ਨਹੀਂ ਬੀਜਿਆ ਸੋ ਵੱਢਦੇ ਹੋ। (ਉਸ ਨੇ ਮੌਕੇ ਨੂੰ ਨਹੀਂ ਪਛਾਣਿਆ ਅਤੇ ਰਾਜੇ ਉੱਤੇ ਬੁਰੇ ਕੰਮ ਕਰਨ ਦਾ ਦੋਸ਼ ਲਾਇਆ)

22 **ਓਇ ਦੁਸ਼ਟ ਨੌਕਰ!** ਰਾਜਾ ਗਰਜਿਆ। ਤੇਰੇ ਹੀ ਮੂੰਹੋਂ ਮੈਂ ਤੈਨੂੰ ਦੋਸ਼ੀ ਠਹਿਰਾਉਂਦਾ ਹਾਂ। ਤੈਂ ਮੈਨੂੰ ਜਾਣਿਆ ਜੋ ਮੈਂ ਕਰੜਾ ਆਦਮੀ ਹਾਂ ਅਤੇ ਜੋ ਮੈਂ ਨਹੀਂ ਧਰਿਆ ਸੋ ਚੁੱਕਦਾ ਹਾਂ ਅਰ ਜੋ ਨਹੀਂ ਬੀਜਿਆ ਸੋ ਵੱਢਦਾ ਹਾਂ, 23 ਫੇਰ ਤੈਂ ਮੇਰੇ ਰੁਪਏ ਸਰਾਫ਼ ਦੀ ਹੱਟੀ ਕਿਉਂ ਨਾ ਰੱਖੇ ਜੋ ਮੈਂ ਆਣ ਕੇ ਉਨ੍ਹਾਂ ਨੂੰ ਬਿਆਜ ਸੁੱਧਾ ਲੈਂਦਾ?

24 ਅਤੇ ਉਸ ਨੇ ਉਨ੍ਹਾਂ ਨੂੰ ਜਿਹੜੇ ਕੋਲ ਖੜੇ ਸਨ ਆਖਿਆ, ਅਸ਼ਰਫੀ ਉਸ ਕੋਲੋਂ ਲੈ ਲਓ ਅਤੇ ਜਿਸ ਕੋਲ ਦਸ ਅਸ਼ਰਫੀਆਂ ਹਨ ਉਹ ਨੂੰ ਦਿਓ। 25 ਤਾਂ ਉਨ੍ਹਾਂ ਉਸ ਨੂੰ ਕਿਹਾ, ਸੁਆਮੀ ਜੀ ਉਹ ਦੇ ਕੋਲ ਦਸ ਅਸ਼ਰਫੀਆਂ ਹਨ। 26 ਮੈਂ ਤੁਹਾਨੂੰ ਆਖਦਾ ਹਾਂ ਭਈ **ਜਿਸ ਕਿਸੇ ਕੋਲ ਕੁਝ ਹੈ ਉਹ ਨੂੰ ਦਿੱਤਾ ਜਾਵੇਗਾ** ਪਰ ਉਸ ਤੋਂ **ਜਿਹ ਦੇ ਕੋਲ ਨਹੀਂ** ਉਸ ਕੋਲੋਂ ਜੋ ਉਸ ਦਾ ਹੈ ਸੋ ਵੀ ਲੈ ਲਿਆ ਜਾਵੇਗਾ। ਕੀ ਇਹੋ ਹੈ “ਵਰਤੋ ਜਾਂ ਗੁਆ ਲਵੋ”?

ਮੱਤੀ 19:29 ਵੀ ਵੇਖੋ

ਅੱਗੇ ਜਾਰੀ ਰੱਖਦੇ ਹਾਂ:

ਪਰਕਾਸ਼ ਦੀ ਪੋਥੀ 3:8 **ਇਸ ਲਈ ਜੋ ਤੈਨੂੰ ਕੁਝ ਸਮਰੱਥਾ ਹੈ** (ਉਸ ਦੀ ਤੁਲਨਾ ਵਿੱਚ) **ਅਤੇ** (1) *ਤੈਂ **ਮੇਰੇ ਬਚਨ ਦੀ ਪਾਲਨਾ ਕੀਤੀ** (**ਜੋ ਉਸ ਨੇ ਕਿਹਾ ਅਤੇ ਲਿਖਿਆ ਹੈ ਉਸ ਦੀ ਪਾਲਣਾ ਕੀਤੀ**) **ਅਤੇ** (2) **ਮੇਰੇ ਨਾਮ ਤੋਂ *ਇਨਕਾਰ ਨਹੀਂ ਕੀਤਾ**।

ਉਹ ਰਾਜਾ ਅਤੇ ਪ੍ਰਭੂ ਹੈ, ਅਤੇ ਉਸ ਦੀ **ਅਣਆਗਿਆਕਾਰੀ** ਕਰਨ ਦਾ ਮਤਲਬ ਹੈ ਉਸ ਦੀ **ਸ਼ਖਸੀਅਤ** ਨੂੰ ਅਣਦੇਖਾ ਕਰਨਾ ਅਤੇ ਇਸ ਤਰ੍ਹਾਂ ਉਸ ਦੇ ਨਾਮ ਅਤੇ ਤੁਹਾਡੇ ਉੱਤੇ ਪ੍ਰਭੂ ਵਜੋਂ ਉਸ ਦੇ ਅਧਿਕਾਰ ਦਾ ਇਨਕਾਰ ਕਰਨਾ।

ਇਹ ਦੋ ਗੱਲਾਂ ਪ੍ਰਭੂ ਲਈ **ਅਤੇ** ਸਾਡੇ ਲਈ ਬਹੁਤ ਮਹੱਤਵਪੂਰਣ ਹਨ, **ਉਸ ਦੇ ਵਚਨ ਦਾ ਪਾਲਣ ਕਰਨਾ** ਅਤੇ **ਉਸ ਦਾ ਇਨਕਾਰ ਨਾ ਕਰਨਾ**

ਉਸ ਨੇ ਪਰਗਮੁਮ ਦੀ ਕਲੀਸਿਯਾ ਨੂੰ ਵੀ ਇਹੋ ਗੱਲ ਕਹੀ:

ਪਰਕਾਸ਼ ਦੀ ਪੋਥੀ 2:12-13 ਪਰਗਮੁਮ ਦੀ ਕਲੀਸਿਯਾ ਦੇ ਦੂਤ ਨੂੰ ਇਉਂ ਲਿਖ ਭਈ ਜਿਹ ਦੇ ਕੋਲ **ਦੁਧਾਰੀ ਤਿੱਖੀ ਤਲਵਾਰ ਹੈ ਉਹ ਇਹ ਆਖਦਾ ਹੈ**, "ਮੈਂ ਜਾਣਦਾ ਹਾਂ ਤੂੰ ਉੱਥੇ ਵੱਸਦਾ ਹੈਂ ਜਿੱਥੇ ਸ਼ਤਾਨ ਦੀ ਗੱਦੀ ਹੈ (ਭਾਵੇਂ ਕਿ ਉਹ ਇਸ ਪਾਪ ਭਰੇ ਸਥਾਨ ਵਿੱਚ ਰਹਿ ਰਹੇ ਸਨ) ਅਤੇ **ਤੂੰ ਤਕੜਾਈ ਨਾਲ ਮੇਰਾ ਨਾਮ ਫੜੀ ਰੱਖਦਾ ਹੈਂ ਅਤੇ . . . ਮੇਰੀ ਨਿਹਚਾ ਤੋਂ ਇਨਕਾਰ ਨਹੀਂ ਕੀਤਾ।"**

ਅਸੀਂ ਜੋ ਕਿ ਯਿਸੂ ਮਸੀਹ ਦੀ ਕਲੀਸਿਯਾ ਹਾਂ, ਸਾਨੂੰ ਦ੍ਰਿੜ੍ਹਤਾ ਨਾਲ ਖੜ੍ਹੇ ਰਹਿਣ ਦੀ ਜ਼ਰੂਰਤ ਹੈ - > ਉਸ ਦੇ ਨਾਮ ਦਾ ਪ੍ਰਚਾਰ ਕਰਨਾ - > ਉਸ ਦੇ ਵਚਨ ਦਾ ਪ੍ਰਚਾਰ ਕਰਨਾ ਅਤੇ ਪਿਛਾਂਹ ਨਾ ਹਟਣਾ ਅਤੇ ਨਿਹਚਾ ਦਾ ਇਨਕਾਰ ਨਾ ਕਰਨਾ, ਉਸ ਦੇ ਨਾਮ ਦਾ ਇਨਕਾਰ ਨਾ ਕਰਨਾ।

1 ਪਤਰਸ 2:21-24 ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ **ਤੁਹਾਡੇ ਨਮਿੱਤ ਦੁਖ ਝੱਲ ਕੇ** ਇੱਕ **ਨਮੂਨਾ ਤੁਹਾਡੇ ਲਈ** ਛੱਡ ਗਿਆ ਭਈ **ਤੁਸੀਂ ਉਹ ਦੀ ਪੈੜ ਉੱਤੇ ਤੁਰੋ**। 22ਉਹ ਨੇ **ਕੋਈ ਪਾਪ ਨਹੀਂ** ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ **ਛਲ ਦੀ ਗੱਲ** ਨਿੱਕਲੀ। 23ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ **ਦੁਖ ਪਾ ਕੇ** ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

ਸਾਨੂੰ ਉਸ ਦੀਆਂ ਪੈੜਾਂ ਉੱਤੇ ਤੁਰਨਾ ਜ਼ਰੂਰੀ ਹੈ . . **ਯਿਸੂ ਦੀ ਵੱਲ ਤੱਕਦੇ ਰਹੀਏ** ਜਿਹੜਾ **ਨਿਹਚਾ ਦਾ ਕਰਤਾ** ਅਤੇ **ਸੰਪੂਰਨ ਕਰਨ ਵਾਲਾ** ਹੈ, ਜਿਹ ਨੇ **ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ** (3) ਲਾਜ ਨੂੰ **ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ** ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। 3ਤੁਸੀਂ **ਉਹ ਨੂੰ ਸੋਚੋ** ਜਿਹ ਨੇ ਆਪਣੇ ਉੱਤੇ ਪਾਪੀਆਂ ਦੀ **ਐਡੀ ਲਾਗਬਾਜ਼ੀ ਸਹਿ ਲਈ** (4) **ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।** ਇਬਰਾਨੀਆਂ 12:2-3

- ❖ ਅਤੇ ਜਦੋਂ ਅਸੀਂ ਅਜਿਹਾ ਕਰਦੇ ਹਾਂ ਤਾਂ ਇਹ ਹੈ ਉਸ ਦਾ ਵਾਅਦਾ:

ਪਰਕਾਸ਼ ਦੀ ਪੋਥੀ 3:9 **ਵੇਖ**, ਮੈਂ **ਸ਼ਤਾਨ ਦੀ ਮੰਡਲੀ** ਵਿੱਚੋਂ ਅਰਥਾਤ ਓਹਨਾਂ ਵਿੱਚੋਂ **ਜਿਹੜੇ ਆਪਣੇ ਆਪ ਨੂੰ ਯਹੂਦੀ ਦੱਸਦੇ ਹਨ** (ਵਿਸ਼ਵਾਸੀ) **ਅਤੇ ਨਹੀਂ ਹਨ ਸਗੋਂ ਝੂਠ ਮਾਰਦੇ ਹਨ** ਕਿੰਨਿਆਂ ਨੂੰ ਤੇਰੇ ਗੋਚਰੇ ਕਰਦਾ ਹਾਂ। ਵੇਖ, ਮੈਂ ਅਜਿਹਾ ਕਰਾਂਗਾ ਭਈ ਓਹ ਆਉਣਗੇ ਅਤੇ **ਤੇਰੇ ਪੈਰਾਂ ਦੇ ਅੱਗੇ ਮੱਥਾ ਟੇਕਣਗੇ** ਅਤੇ **ਜਾਣ ਲੈਣਗੇ** ਜੋ ਮੈਂ **ਤੇਰੇ ਨਾਲ ਪਿਆਰ ਕੀਤਾ**। 10**ਤੈਂ ਜੋ ਮੇਰੇ ਧੀਰਜ ਦੇ ਬਚਨ ਦੀ ਰੱਖਿਆ ਕੀਤੀ** (5) ਤਾਂ ਮੈਂ ਵੀ **ਪਰਤਾਵੇ ਦੇ ਉਸ ਸਮੇਂ ਤੋਂ ਜੋ ਧਰਤੀ ਦੇ ਵਾਸੀਆਂ ਦੇ ਪਰਤਾਉਣ ਲਈ ਸਾਰੇ ਸੰਸਾਰ ਉੱਤੇ ਆਉਣ ਵਾਲਾ ਹੈ ਤੇਰੀ ਰੱਖਿਆ ਕਰਾਂਗਾ।** ਸ਼ਾਇਦ “ਭੇਡਾਂ ਨੂੰ ਬੱਕਰੀਆਂ ਤੋਂ” ਅਤੇ ਤੂੜੀ ਨੂੰ ਕਣਕ ਤੋਂ ਅਲੱਗ ਕਰਨ ਲਈ?” ਇਸ ਤਰ੍ਹਾਂ ਲੱਗਦਾ ਹੈ ਕਿ “ਪਰਤਾਏ ਜਾਣ ਦਾ ਸਮਾਂ” ਸ਼ੁਰੂ ਹੋ ਗਿਆ ਹੈ।

- ਇਹ **ਮਹਾਨ ਖ਼ਬਰ** ਹੈ, ਕਿ **ਉਹ ਪਰਤਾਵੇ ਤੋਂ ਸਾਡੀ ਰੱਖਿਆ ਕਰੇਗਾ।** ਸ਼ਾਇਦ ਇਸ ਦਾ ਮਤਲਬ ਹੈ ਕਸ਼ਟ ਤੋਂ ਪਹਿਲਾਂ ਕਲੀਸਿਯਾ ਦਾ ਉਠਾਏ ਜਾਣਾ।

- ਅਤੇ ਇਹ ਸਾਡੇ ਲਈ ਬਹੁਤ ਹੀ ਪ੍ਰੇਰਣਾ ਦੇਣ ਵਾਲਾ ਹੈ ਕਿ ਅਸੀਂ **ਉਸ ਦੇ ਵਚਨ ਦੀ ਪਾਲਣਾ ਕਰੀਏ** ਅਤੇ ਕਦੇ ਵੀ **ਕਿਸੇ ਵੀ ਤਰ੍ਹਾਂ ਉਸ ਦਾ ਇਨਕਾਰ ਨਾ ਕਰੀਏ** / ਉਸ ਦਾ ਨਾਮ ਲੈਂਦੇ ਰਹੀਏ / ਜੇ ਜ਼ਰੂਰਤ ਪਵੇ ਤਾਂ ਸਾਰੇ ਵਿਰੋਧ ਨੂੰ ਸਹਿੰਦੇ ਹੋਏ **ਮੌਤ ਤਕ ਵੀ** ਆਪਣੀ ਸਲੀਬ ਚੁੱਕ ਕੇ ਚੱਲਦੇ ਰਹੀਏ।

ਲੂਕਾ 9:23-25 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ “**ਆਪਣੇ ਆਪ ਦਾ ਇਨਕਾਰ ਕਰੇ**” ਅਤੇ **ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ**। 24ਕਿਉਂਕਿ ਜਿਹੜਾ **ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ** ਪਰ ਜਿਹੜਾ **ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ**।

1 ਪਤਰਸ 1:6-7 **ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ** ਭਾਵੇਂ ਹੁਣ ਥੋੜਾਕੁ ਚਿਰ **ਜੇਕਰ ਲੋੜੀਦਾ ਹੋਵੇ** ਤਾਂ **ਭਾਂਤ ਭਾਂਤ ਦੇ ਪਰਤਾਵਿਆਂ ਨਾਲ ਦੁਖੀ** ਹੋਏ ਹੋਏ ਹੋ। 7 ਤਾਂ ਜੋ **ਤੁਹਾਡੀ ਪਰਖੀ ਹੋਈ ਨਿਹਚਾ** (ਪਰਤਾਵੇ ਇਸੇ ਦੇ

ਲਈ ਹਨ) ਜਿਹੜੀ ਨਾਸ ਹੋਣ ਵਾਲੇ **ਸੋਨੇ ਨਾਲੋਂ** ਭਾਵੇਂ ਉਹ **ਅੱਗ ਵਿੱਚ ਤਾਇਆ ਵੀ ਜਾਵੇ** (ਸੋਨੇ ਅਤੇ ਚਾਂਦੀ ਨੂੰ ਅੱਗ ਨਾਲ ਤਾਇਆ ਜਾਂਦਾ ਹੈ) **ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ ਉਸਤਤ, ਮਹਿਮਾ ਅਤੇ ਆਦਰ ਦੇ ਜੋਗ ਨਿੱਕਲੇ**।

- ❖ ਆਪਣੇ ਆਲੇ-ਦੁਆਲੇ ਦੇ ਸਭਨਾਂ ਲੋਕਾਂ – ਵਿਸ਼ਵਾਸੀਆਂ ਅਤੇ ਗੈਰ-ਵਿਸ਼ਵਾਸੀਆਂ - ਦੀ ਨਜ਼ਰ ਵਿੱਚ **ਮੌਤ ਤਕ ਵਫ਼ਾਦਾਰ ਰਹਿਣਾ** ਉਨ੍ਹਾਂ ਨੂੰ ਯਿਸੂ ਦੇ ਪ੍ਰਤੀ ਸਾਡੇ ਪਿਆਰ ਅਤੇ ਨਿਹਚਾ ਨੂੰ ਪਰਗਟ ਕਰਦਾ ਹੈ ਅਤੇ ਇਸ ਨਾਲ **ਲੇਲੇ ਦੀ ਉਸਤਤ, ਮਹਿਮਾ ਅਤੇ ਆਦਰ ਹੋਵੇਗਾ . . .**

ਕਿਉਂਕਿ **ਤੂੰ** ਕੋਹਿਆ ਗਿਆ ਸੈਂ, ਅਤੇ ਤੈਂ **ਆਪਣੇ ਲਹੂ ਨਾਲ** ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ
**ਪਰਮੇਸ਼ੁਰ ਦੇ ਲਈ** ਲੋਕਾਂ ਨੂੰ **ਮੁੱਲ ਲਿਆ**, 10ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ
ਬਣਾਇਆ, ਅਤੇ ਓਹ ਧਰਤੀ ਉੱਤੇ ਰਾਜ ਕਰਨਗੇ। 11ਤਾਂ ਮੈਂ ਡਿੱਠਾ ਅਤੇ ਸਿੰਘਾਸਣ, ਓਹਨਾਂ ਜੰਤੂਆਂ, ਅਤੇ ਬਜ਼ੁਰਗਾਂ
ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼ ਸੁਣੀ ਅਤੇ ਓਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ। 12ਅਤੇ ਓਹ ਵੱਡੀ
ਅਵਾਜ਼ ਨਾਲ ਇਹ ਆਖਦੇ ਸਨ,- **ਲੇਲਾ** ਜਿਹੜਾ ਕੋਹਿਆ ਗਿਆ ਸੀ **ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ**
ਅਤੇ **ਧੰਨਵਾਦ** ਲੈਣ ਦੇ **ਜੋਗ ਹੈ**! 13**ਹਰੇਕ ਸਰਿਸ਼ਟ** ਨੂੰ ਜੋ ਸੁਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ
ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ,- ਜਿਹੜਾ ਸਿੰਘਾਸਣ ਉੱਤੇ
ਬਿਰਾਜਮਾਨ ਹੈ, **ਉਹ ਦਾ** ਅਤੇ **ਲੇਲੇ ਦਾ ਧੰਨਵਾਦ, ਮਾਣ, ਮਹਿਮਾ ਪ੍ਰਾਕਰਮ ਜੁੱਗੋ ਜੁੱਗ ਹੋਵੇ**! ਪਰਕਾਸ਼ ਦੀ ਪੋਥੀ 5:9-13

ਉਹ ਜਿਹੜੇ **ਮੌਤ ਤਕ ਵਫ਼ਾਦਾਰ** ਰਹੇ, ਉਨ੍ਹਾਂ ਵਿੱਚੋਂ ਪਹਿਲੇ ਸਨ:

- **ਪਤਰਸ** ਨੂੰ ਉਲਟਾ ਸਲੀਬ ਚੜ੍ਹਾਇਆ ਗਿਆ
- **ਅੰਦ੍ਰਿਯਾਸ** ਨੂੰ X ਆਕਾਰ ਦੀ ਸਲੀਬ ਉੱਤੇ ਸਲੀਬ ਚੜ੍ਹਾਇਆ ਗਿਆ
- **ਯਾਕੂਬ** – ਉਸ ਨੂੰ ਤਲਵਾਰ ਨਾਲ ਮੌਤ ਦੇ ਘਾਟ ਉਤਾਰਿਆ ਗਿਆ ਰਸੂਲਾਂ ਦੇ ਕਰਤੱਬ 12:1-2
- **ਯੂਹੰਨਾ** – ਇੱਕੋ ਇੱਕ ਚੇਲਾ ਜਿਹੜਾ ਬਜ਼ੁਰਗ ਹੋ ਕੇ ਮਰਿਆ। ਰੋਮੀ ਉਸ ਨੂੰ ਵੱਡੇ ਅਖਾੜੇ ਵਿੱਚ ਲਿਆਏ ਅਤੇ ਉਸ ਨੂੰ ਉੱਬਲਦੇ ਹੋਏ ਤੇਲ ਦੇ ਕੜਾਹੇ ਵਿੱਚ ਸੁੱਟ ਦਿੱਤਾ। ਪਰ ਜਦੋਂ ਉਹ ਉਸ ਵਿੱਚੋਂ ਸਹੀ ਸਲਾਮਤ ਬਾਹਰ ਨਿੱਕਲਿਆ ਤਾਂ ਅਖਾੜੇ ਵਿੱਚ ਬੈਠੇ ਸਭ ਲੋਕ ਮਸੀਹੀ ਬਣ ਗਏ।
- **ਥੋਮਾ** – "ਥੋਮਾ ਦੇ ਕਾਰਜ" ਵਿੱਚ ਲਿਖਿਆ ਹੈ ਕਿ ਉਹ ਭਾਰਤ ਦੇ ਮਾਇਲਾਪੁਰ ਵਿੱਚ ਸ਼ਹੀਦ ਹੋਇਆ ਜਿੱਥੇ ਉਸ ਨੂੰ ਨੇਜਿਆਂ ਨਾਲ ਵਿੰਨ੍ਹ ਦਿੱਤਾ ਗਿਆ।
- **ਪੌਲੁਸ** – ਬਾਦਸ਼ਾਹ ਨੀਰੋ ਨੇ ਉਸ ਦੀ ਗਰਦਨ ਕਟਵਾ ਦਿੱਤੀ।
- ਬਾਕੀ ਦੇ ਚੇਲੇ ਵੀ ਕਈ ਤਰ੍ਹਾਂ ਦੇ ਦਰਦਨਾਕ ਤਰੀਕਿਆਂ ਨਾਲ ਸ਼ਹੀਦ ਕੀਤੇ ਗਏ।

ਅੱਯੂਬ ਦੇ ਨਾਲ-ਨਾਲ ਇਹ ਮਨੁੱਖ ਵੀ **ਸਾਡੇ ਲਈ ਇੱਕ ਮਿਸਾਲ** ਹਨ, ਜਿਵੇਂ ਕਿ **ਸਾਨੂੰ ਵੀ ਉਨ੍ਹਾਂ ਦੇ ਲਈ ਮਿਸਾਲ ਬਣਨਾ ਚਾਹੁੰਦਾ ਹੈ ਜੋ ਸਾਨੂੰ ਵੇਖਦੇ ਹਨ**: ਅੱਯੂਬ 23:10-12

ਜਦ ਕਦੀ ਉਸ **ਮੈਨੂੰ ਤਾਇਆ ਤਾਂ ਮੈਂ ਸੋਨੇ ਵਾਂਙੁ ਨਿੱਕਲਾਂਗਾ।** 11ਮੇਰੇ ਪੈਰ ਨੇ ਉਹ ਦੇ ਕਦਮਾਂ ਨੂੰ ਫੜਿਆ, **ਮੈਂ ਉਹ ਦੇ ਰਾਹ ਦੀ ਪਾਲਨਾ ਕੀਤੀ ਅਤੇ ਕੁਰਾਹੇ ਨਾ ਪਿਆ।** 12ਉਹ ਦੇ ਬੁੱਲ੍ਹਾਂ ਦੇ ਹੁਕਮ ਤੋਂ **ਮੈਂ ਨਾ ਹਟਿਆ, ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ ਆਪਣੇ ਜਰੂਰੀ ਭੋਜਨ ਨਾਲੋਂ ਵਧੀਕ ਕਦਰ ਕੀਤੀ।**

ਆਖਰ ਵਿੱਚ ਪ੍ਰਭੂ ਵੱਲੋਂ ਸਾਡੇ ਲਈ ਇੱਕ ਉਤਸ਼ਾਹ ਵਧਾਉਣ ਵਾਲਾ ਵਚਨ;

ਪਰਕਾਸ਼ ਦੀ ਪੋਥੀ 3:11 **ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।**

- ਜੇ ਅਸੀਂ ਕਮਜ਼ੋਰ ਹੋ ਕੇ ਹਾਰ ਮੰਨ ਲੈਂਦੇ ਹਾਂ ਅਤੇ **"ਉਸ ਦੇ ਨਾਮ ਦਾ ਇਨਕਾਰ" ਕਰ ਦਿੰਦੇ ਹਾਂ ਤਾਂ ਅਸੀਂ ਆਪਣੀ ਸਦੀਪਕ ਮੁਕਤੀ ਨੂੰ ਤਾਂ ਨਹੀਂ ਗੁਆਵਾਂਗੇ**, ਪਰ ਅਸੀਂ **ਆਪਣਾ ਤਾਜ ਜ਼ਰੂਰ ਗੁਆ ਬੈਠਾਂਗੇ**, ਜੋ ਕਿ ਸਾਡੇ ਲਈ ਸਦਾਕਾਲ ਤਕ ਬਹੁਤ ਸ਼ਰਮਿੰਦਗੀ ਵਾਲੀ ਗੱਲ ਹੋਵੇਗੀ। ਸਵਰਗ ਵਿੱਚ ਹਰ ਕੋਈ ਜਾਣ ਲਵੇਗਾ।

- ਵੀਡੀਓ: ਮੈਂ ਯਿਸੂ ਦਾ ਇਨਕਾਰ ਨਹੀਂ ਕਰਾਂਗਾ

https://music.youtube.com/watch?v=IptpUUbfS9o&list=RDAMVMIptpUUbfS9o

ਪਰਕਾਸ਼ ਦੀ ਪੋਥੀ 3:12 ਜਿਹੜਾ **ਜਿੱਤਣ ਵਾਲਾ ਹੈ** ਉਹ ਨੂੰ ਮੈਂ ਆਪਣੇ ਪਰਮੇਸ਼ੁਰ ਦੀ **ਹੈਕਲ ਵਿੱਚ ਇੱਕ ਥੰਮ੍ਹ** ਬਣਾਵਾਂਗਾ ਅਤੇ **ਉਹ ਫੇਰ ਕਦੇ ਬਾਹਰ ਨਾ ਜਾਵੇਗਾ।**

- ਅਰਥ: ਜਦੋਂ ਅਸੀਂ ਪਾਪ ਕਰਦੇ, ਅਵੱਗਿਆ ਕਰਦੇ, ਉਸ ਦਾ ਇਨਕਾਰ ਕਰਦੇ ਹਾਂ, ਤਾਂ ਅਸੀਂ ਪਰਮੇਸ਼ੁਰ ਦੇ ਰਾਜ ਵਿੱਚੋਂ ਨਿੱਕਲ ਕੇ ਹਨੇਰੇ ਦੇ ਰਾਜ ਵਿੱਚ ਪ੍ਰਵੇਸ਼ ਕਰ ਜਾਂਦੇ ਹਾਂ। ਅਸੀਂ ਅੱਗੇ ਤੋਂ ਕਦੇ ਅਜਿਹਾ ਨਹੀਂ ਕਰਾਂਗੇ, ਕਿਉਂਕਿ ਜਦੋਂ ਅਸੀਂ ਉਠਾਏ ਜਾ ਕੇ ਸਵਰਗੀ ਹੈਕਲ ਵਿੱਚ ਪਹੁੰਚਾਏ ਜਾਂਦੇ ਹਾਂ ਤਾਂ ਅਸੀਂ ਆਪਣੇ ਪਾਪੀ ਸਰੀਰ ਧਰਤੀ ਉੱਤੇ ਛੱਡ ਜਾਂਦੇ ਹਾਂ

ਅਤੇ ਮੈਂ ਆਪਣੇ (1) ਪਰਮੇਸ਼ੁਰ ਦਾ ਨਾਮ ਅਤੇ (2) ਆਪਣੇ ਪਰਮੇਸ਼ੁਰ ਦੀ ਨਗਰੀ ਨਵੀਂ ਯਰੂਸ਼ਲਮ ਦਾ ਨਾਉਂ ਜਿਹੜੀ ਪਰਮੇਸ਼ੁਰ ਵੱਲੋਂ ਸੁਰਗ ਵਿੱਚੋਂ ਉਤਰਦੀ ਹੈ ਅਤੇ ਆਪਣਾ ਨਵਾਂ ਨਾਮ (ਸਾਡਾ ਨਵਾਂ ਪਾਸਪੋਰਟ) **ਉਸ ਉੱਤੇ ਲਿਖਾਵਾਂਗਾ** (ਸਾਡੇ ਉੱਤੇ 666 ਨਹੀਂ, ਬਲਕਿ ਇਹ ਚਿੰਨ ਹੋਵੇਗਾ)। 13ਜਿਹ ਦੇ ਕੰਨ ਹਨ ਸੋ ਸੁਣੇ ਭਈ ਆਤਮਾ ਕਲੀਸਿਯਾਂ ਨੂੰ ਕੀ ਆਖਦਾ ਹੈ। ਆਮੀਨ! ਆਮੀਨ!

ਵੈਕਸੀਨ ਦੀ ਗੱਲ ਕਰੀਏ ਤਾਂ ਇਹ “ਦਰਿੰਦੇ ਦਾ ਨਿਸ਼ਾਨ” ਨਹੀਂ ਹੈ।

ਪਰਕਾਸ਼ ਦੀ ਪੋਥੀ 13 & 14 ਅਧਿਆਏ ਗੱਲ ਕਰਦੇ ਹਨ “ਦਰਿੰਦਾ” “ਜਿਸ ਨੂੰ ਗਹਿਰਾ ਜ਼ਖਮ ਲੱਗਾ ਹੋਇਆ ਅਤੇ ਚੰਗਾ ਹੋ ਗਿਆ” ਉਸ ਨੇ ਦਰਿੰਦੇ ਦੀ ਇੱਕ ਮੂਰਤ ਬਣਾਈ। ਅਤੇ 15 ਆਇਤ: ਉਹ ਉਨ੍ਹਾਂ ਸਭਨਾਂ ਨੂੰ **ਮਰਵਾ ਸੁੱਟਦਾ** ਹੈ ਜਿਹੜੇ ਉਸ ਨੂੰ ਮੱਥਾ ਨਹੀਂ ਟੇਕਦੇ। ਇਹ ਅਜੇ ਨਹੀਂ ਹੋਇਆ ਹੈ।

ਆਇਤ 16 ਉਹ ਉਹਨਾਂ ਦੇ ਮੱਥੇ ਉੱਤੇ **ਦਾਗ ਲਗਵਾ ਦਿੰਦਾ ਹੈ** . . ਜਿਹੜੇ ਉਸ ਦੀ ਪੂਜਾ ਕਰਦੇ ਹਨ। ਇਹ ਅਜੇ ਨਹੀਂ ਹੋਇਆ ਹੈ।

ਪਰਕਾਸ਼ ਦੀ ਪੋਥੀ 14: 9 ਇਸ ਬਾਰੇ ਗੱਲ ਕਰ ਰਿਹਾ ਹੈ ਕਿ “ਜੋ ਕੋਈ ਉਸ ਦਰਿੰਦੇ ਦੀ . . . ਪੂਜਾ ਕਰਦਾ ਅਤੇ ਆਪਣੇ ਮੱਥੇ ਯਾ ਆਪਣੇ ਹੱਥ ਉੱਤੇ ਦਾਗ ਲੁਆਉਂਦਾ ਹੈ।

ਇਹ ਅਜੇ ਨਹੀਂ ਹੋਇਆ ਹੈ ਅਤੇ ਮਸੀਹੀ ਇਸ ਤਰ੍ਹਾਂ ਨਹੀਂ ਕਰਨਗੇ। ਸੋ ਅੱਜ ਦੀ ਵੈਕਸੀਨ ਉਹ ਚੀਜ਼ ਨਹੀਂ ਹੈ ਜਿਸ ਬਾਰੇ ਪਰਕਾਸ਼ ਦੀ ਪੋਥੀ ਵਿੱਚ ਦੱਸਿਆ ਗਿਆ ਹੈ। ਇਹ ਤਾਂ ਅਜੇ ਹੋਣਾ ਬਾਕੀ ਹੈ। ਇਸ ਤੋਂ ਪਹਿਲਾਂ ਅਜੇ ਬਹੁਤ ਕੁਝ ਹੋਣਾ ਜ਼ਰੂਰੀ ਹੈ।

ਮੈਂ ਜੋ ਪੜ੍ਹ ਰਿਹਾ ਹਾਂ, ਅੱਜ ਜੋ ਵੈਕਸੀਨ ਬਣ ਰਹੀਆਂ ਹਨ ਉਹ ਖਤਰਨਾਕ ਹਨ, ਅਤੇ ਜੋ ਮੈਂ ਪੜ੍ਹਿਆ ਹੈ, ਇਹ ਗੰਭੀਰ ਸਮੱਸਿਆਵਾਂ ਦਾ ਕਾਰਣ ਬਣ ਸਕਦੀਆਂ ਹਨ। ਹਰੇਕ ਨੂੰ ਜਿੰਨੀ ਹੋ ਸਕੇ ਜਾਣਕਾਰੀ ਹਾਸਲ ਕਰਨ ਦੀ ਅਤੇ ਆਪਣਾ ਫੈਸਲਾ ਖੁਦ ਕਰਨ ਦੀ ਲੋੜ ਹੋਵੇਗੀ।